Providence HEALTH CARE
How you want to be treated.

PUNJABI

# ਈਜ਼ੀ (ਅਰਾਮਦੇਹ) ਕੱਪੜਿਆਂ ਅਤੇ ਕਮਰੇ ਦੀ ਬਦਲੀ ਬਾਰੇ ਜਾਣਕਾਰੀ
# EASY CLOTHING & ROOM CHANGE INFORMATION

ਵਸਨੀਕਾਂ, ਪਰਿਵਾਰ ਅਤੇ ਸਟਾਫ ਲਈ ਜਾਣਕਾਰੀ

ਸਾਡੇ ਨਾਲ ਰਹਿਣ ਵਾਲਿਆਂ ਵਿੱਚੋਂ ਤੁਹਾਡੇ ਕੁਝ ਦੇ ਜੋੜ ਆਕੜੇ ਹੋਏ ਅਤੇ ਦਰਦ ਕਰਦੇ ਹੋ ਸਕਦੇ ਹਨ, ਜਿਸ ਨਾਲ ਕੱਪੜੇ ਪਾਉਣ ਜਾਂ ਲਾਹੁਣ ਦੌਰਾਨ ਸਮੱਸਿਆਵਾਂ ਆ ਸਕਦੀਆਂ ਹਨ ਜਾਂ ਦਰਦ ਹੋ ਸਕਦੀ ਹੈ। ਕੁਝ ਲੋਕ ਤਾਂ ਦਰਦ ਜਾਂ ਸਰੀਰ ਵਿਚ ਕੁਝ ਗਲਤ ਮਹਿਸੂਸ ਹੋਣ ਨਾਲ ਹਿਲਜੁੱਲ ਕਰਨ ਤੋਂ ਵੀ ਡਰਦੇ ਹਨ। ਕਦੇ ਕਦੇ ਸਾਨੂੰ, ਤੁਹਾਨੂੰ ਹਿਲਾਉਣਾ ਪੈਂਦਾ ਹੈ ਜਾਂ ਪਾਸਾ ਬਦਲਣਾ ਪੈਂਦਾ ਹੈ ਅਤੇ ਇਸ ਨਾਲ ਤੁਹਾਡੇ ਜਾਂ ਸਾਡੇ ਸੱਟ ਚੋਟ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸੱਟ ਚੋਟ ਲੱਗਣ ਦੀ ਸੰਭਾਵਨਾ ਘਟਾਉਣ ਲਈ ਜਿਹੜੇ ਤਰੀਕੇ ਅਸੀਂ ਵਰਤਦੇ ਹਾਂ ਉਨ੍ਹਾਂ ਵਿੱਚੋਂ ਇਕ ਤਰੀਕਾ ਤੁਹਾਡੇ 'ਈਜ਼ੀ (ਅਰਾਮਦੇਹ) ਕੱਪੜੇ' ਪਾਉਣਾ ਹੈ।

## ਈਜ਼ੀ ਕੱਪੜੇ ਕੀ ਹਨ?

ਈਜ਼ੀ (ਅਰਾਮਦੇਹ) ਕੱਪੜਿਆਂ ਨੂੰ ਤੁਹਾਡੇ ਮੁਤਾਬਕ ਢਲਣ ਵਾਲੇ ਕੱਪੜੇ ਵੀ ਆਖਿਆ ਜਾਂਦਾ ਹੈ।

- ਇਹ ਪਾਉਣੇ ਅਤੇ ਲਾਹੁਣੇ ਸੌਖੇ ਹਨ (ਜਿਵੇਂ ਬਲਾਊਜ਼ ਜਾਂ ਕਮੀਜ਼ ਜਿਸ ਦੇ ਪਿੱਛੇ ਤਣੀਆਂ ਹੁੰਦੀਆਂ ਹਨ, ਸੌਖੀ ਤਰ੍ਹਾਂ ਟੌਆਇਲਿਟ 'ਤੇ ਜਾਣ ਲਈ ਪਿੱਛੇ ਤੋਂ ਖੁਲ੍ਹਣ ਵਾਲੀਆਂ ਪੈਂਟਾਂ, ਤਣੀਆਂ ਵਾਲੀਆਂ ਪਿੱਛੇ ਤੋਂ ਖੁਲ੍ਹੀਆਂ ਸਕਰਟਾਂ, ਆਦਿ)
- ਇਹ ਆਮ ਕੱਪੜਿਆਂ ਵਾਂਗ ਮਹਿਸੂਸ ਹੁੰਦੇ ਹਨ
- ਬਹਿਣ 'ਤੇ ਆਮ ਕੱਪੜਿਆਂ ਵਾਂਗ ਦਿਖਾਈ ਦਿੰਦੇ ਹਨ

## ਈਜ਼ੀ ਕੱਪੜਿਆਂ ਬਾਰੇ ਫੈਸਲੇ ਕੌਣ ਕਰਦਾ ਹੈ?

ਜੇ ਕਿਸੇ ਨੂੰ ਵੀ ਲੱਗਦਾ ਹੈ ਕਿ ਈਜ਼ੀ ਕੱਪੜਿਆਂ ਦੀ ਲੋੜ ਹੈ ਤਾਂ ਨਰਸ ਇਸ ਬਾਰੇ ਵਿਚਾਰ ਕਰੇਗੀ ਅਤੇ ਇਹ ਫੈਸਲਾ ਕਰੇਗੀ ਕਿ ਤੁਹਾਡੇ ਲਈ ਕਿਹੜੀ ਚੀਜ਼ ਸਭ ਤੋਂ ਬਿਹਤਰ ਹੈ। ਜੇ ਸਭ ਤੋਂ ਬਿਹਤਰ ਚੀਜ਼ ਬਾਰੇ ਕੋਈ ਸਵਾਲ ਹੋਣ ਤਾਂ ਆਕੂਪੇਸ਼ਨਲ ਥੈਰੇਪਿਸਟ ਆ ਕੇ ਤੁਹਾਨੂੰ ਦੇਖੇਗਾ ਅਤੇ ਫੈਸਲਾ ਕਰੇਗਾ।

ਜੇ ਇਹ ਸੰਭਾਵਨਾ ਹੋਵੇ ਕਿ ਤੁਹਾਡੇ ਜਾਂ ਸਾਡੇ ਸਟਾਫ ਦੇ ਸੱਟ ਚੋਟ ਲੱਗ ਸਕਦੀ ਹੈ ਤਾਂ ਇਹ ਚੀਜ਼ਾਂ ਹੋਣਗੀਆਂ:

- ਅਸੀਂ ਫੌਰਨ ਤੁਹਾਡੇ ਨਾਲ ਅਤੇ ਤੁਹਾਡੇ ਪਰਿਵਾਰ ਨਾਲ ਗੱਲ ਕਰਾਂਗੇ
- ਅਸੀਂ ਸਮੱਸਿਆ ਪੈਦਾ ਕਰਨ ਵਾਲੇ ਕੱਪੜੇ ਵਰਤਣਾ ਬੰਦ ਕਰ ਦਿਆਂਗੇ ਅਤੇ ਉਦੋਂ ਤੱਕ ਹਸਪਤਾਲ ਦਾ ਗਾਊਨ ਪਾਵਾਂਗੇ ਜਦ ਤੱਕ ਈਜ਼ੀ ਕੱਪੜੇ ਪਹੁੰਚ ਨਹੀਂ ਜਾਂਦੇ

## ਈਜ਼ੀ ਕੱਪੜਿਆਂ ਦਾ ਪ੍ਰਬੰਧ ਕਰਨ ਅਤੇ ਇਨ੍ਹਾਂ ਦਾ ਖਰਚਾ ਦੇਣ ਲਈ ਕੌਣ ਜ਼ਿੰਮੇਵਾਰ ਹੈ?

ਜਿਵੇਂ ਕਿ ਸਾਰੇ ਕੱਪੜਿਆਂ ਬਾਰੇ ਹੁੰਦਾ ਹੈ, ਆਪਣੇ ਕੱਪੜੇ ਦੇਣ ਲਈ ਤੁਸੀਂ ਹੀ ਜ਼ਿੰਮੇਵਾਰ ਹੋ। ਆਮ ਤੌਰ 'ਤੇ ਇਸ ਫੈਸਲੇ ਵਿਚ ਪਰਿਵਾਰ ਜਾਂ ਦੋਸਤ ਸ਼ਾਮਲ ਹੁੰਦੇ ਹਨ ਅਤੇ ਲੋੜੀਂਦੇ ਪ੍ਰਬੰਧ ਕਰਦੇ ਹਨ। ਅਸੀਂ ਤੁਹਾਨੂੰ ਇਹ ਦੱਸਾਂਗੇ ਕਿ ਕਿਸ ਤਰ੍ਹਾਂ ਦੇ ਕੱਪੜੇ ਚਾਹੀਦੇ ਹਨ ਅਤੇ ਕਿੰਨੇ ਚਾਹੀਦੇ ਹਨ। ਅਸੀਂ ਤੁਹਾਨੂੰ ਕੁਝ ਸਟੋਰਾਂ ਜਾਂ ਲੋਕਾਂ ਦੀ ਲਿਸਟ ਵੀ ਦਿਆਂਗੇ ਜੋ ਕੱਪੜਿਆਂ ਨੂੰ ਠੀਕ ਕਰਦੇ ਹਨ।

## ਕਮਰੇ ਦੀ ਬਦਲੀ ਬਾਰੇ ਜਾਣਕਾਰੀ

ਸਾਨੂੰ ਕਦੇ ਕਦੇ, ਤੁਹਾਨੂੰ ਇਕ ਕਮਰੇ ਤੋਂ ਦੂਜੇ ਕਮਰੇ ਵਿਚ ਬਦਲਣ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਜਦੋਂ ਇਹ ਹੁੰਦਾ ਹੈ:

- ਕਿਸੇ ਵਸਨੀਕ ਦੀ ਹਾਲਤ ਵਿਚ ਤਬਦੀਲੀ ਆਉਣਾ
- ਕਿਸੇ ਖਾਸ ਸਾਜ਼-ਸਮਾਨ ਦੀ ਲੋੜ ਹੋਣਾ
- ਰੌਲਾ ਜਿਹੜਾ ਕਿ ਤੁਹਾਨੂੰ ਜਾਂ ਦੂਜਿਆਂ ਨੂੰ ਤੰਗ ਕਰਦਾ ਹੋਵੇ

ਅਸੀਂ ਇਹ ਸਮਝਦੇ ਹਾਂ ਕਿ ਤਬਦੀਲੀ ਹਰ ਇਕ ਲਈ ਔਖੀ ਹੁੰਦੀ ਹੈ। ਤੁਹਾਡੇ ਲਈ ਇਸ ਨੂੰ ਸੌਖਾ ਬਣਾਉਣ ਲਈ ਅਸੀਂ ਜੋ ਵੀ ਕਰ ਸਕਦੇ ਹੋਏ ਕਰਾਂਗੇ। ਅਸੀਂ ਤੁਹਾਨੂੰ ਇਹ ਦੱਸਣ ਲਈ ਵੀ ਜੋ ਕਰ ਸਕਦੇ ਹੋਏ ਕਰਾਂਗੇ ਕਿ ਕਿਹੜੀ ਚੀਜ਼ ਹੋਣ ਵਾਲੀ ਹੈ ਅਤੇ ਜੋ ਹੋ ਰਿਹਾ ਹੈ ਉਸ ਬਾਰੇ ਤੁਹਾਨੂੰ ਜਾਣਕਾਰੀ ਦਿੰਦੇ ਰਹਾਂਗੇ।